# ਦਫ਼ਤਰ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ, ਪਟਿਆਲਾ।
## ਕੰਟੀਨ ਦੀ ਬੋਲੀ ਲਈ ਸ਼ਰਤਾਂ
## ਸਾਲ 2026-27

1. ਬੋਲੀ ਦੇਣ ਵਾਲੀ ਇਸਤਰੀ ਠੇਕੇਦਾਰ ਨੂੰ ਬੋਲੀ ਤੋਂ ਪਹਿਲਾਂ ਆਪਣੀ ਰਿਹਾਇਸ਼ ਦਾ ਪੱਕਾ ਸਬੂਤ (ਰਾਸ਼ਨ ਕਾਰਡ ਜਾਂ ਵੋਟਰ ਕਾਰਡ ਜਾਂ ਵੋਟਰ ਸੂਚੀ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ) ਤਜ਼ਰਬਾ ਸਰਟੀਫਿਕੇਟ, FSSAI ਸਰਟੀਫਿਕੇਟ ਨਿਰਧਾਰਿਤ ਪ੍ਰਫਾਰਮੇ ਨਾਲ ਲਗਾਉਣਾ ਲਾਜ਼ਮੀ ਹੋਵੇਗਾ। 50,000/- ਰੁਪਏ ਦੀ ਰਾਸ਼ੀ ਬਤੌਰ ਜ਼ਮਾਨਤ ਪ੍ਰਿੰਸੀਪਲ ਸਰਕਾਰੀ ਕਾਲਜ, ਲੜਕੀਆਂ ਪਟਿਆਲਾ ਦੇ ਨਾਂ ਬੈਂਕ ਡਿਮਾਂਡ ਡਰਾਫਟ ਰਾਹੀਂ ਮਿਤੀ 31.07.2026 ਤੱਕ ਜਮ੍ਹਾਂ ਕਰਵਾਉਣੀ ਪਵੇਗੀ।ਨਕਦ ਰਾਸ਼ੀ ਮਨਜ਼ੂਰ ਨਹੀਂ ਕੀਤੀ ਜਾਵੇਗੀ।

2. ਸਭ ਤੋਂ ਵੱਧ ਬੋਲੀ ਦੇਣ ਵਾਲੇ ਵਿਅਕਤੀ ਦੇ ਨਾਮ ਤੇ ਬੋਲੀ ਖਤਮ ਕੀਤੀ ਜਾਵੇਗੀ ਅਤੇ ਬੋਲੀ ਦੀ ਕੁੱਲ ਰਕਮ ਮੌਕੇ ਵਸੂਲ ਕੀਤੀ ਜਾਵੇਗੀ। ਜ਼ਮਾਨਤ ਦੀ ਮੂਲ ਰਕਮ ਇਸ ਵਿੱਚ ਐਡਜਸਟ ਨਹੀਂ ਕੀਤੀ ਜਾਵੇਗੀ ਅਗਰ ਠੇਕੇਦਾਰ ਮੌਕੇ ਤੇ ਠੇਕੇ ਦੀ ਰਕਮ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦੀ ਜਮਾਨਤ ਦੀ ਰਕਮ ਜ਼ਬਤ ਕੀਤੀ ਜਾਵੇਗੀ ਅਤੇ ਅਗਲੇ ਬੋਲੀਕਾਰ ਨੂੰ ਠੇਕਾ ਦਿੱਤਾ ਜਾਵੇਗਾ।

3. ਠੇਕਾ ਮਿਤੀ 13.08.2026 ਤੋਂ ਸ਼ੁਰੂ ਹੋਵੇਗਾ ਜੋ ਕਿ ਮਿਤੀ 31.07.2027 ਤੱਕ ਦੇ ਸਮੇਂ ਤੱਕ ਹੋਵੇਗਾ। ਠੇਕੇ ਦਾ ਸਮਾਂ ਪੂਰਾ ਹੋਣ ਤੇ ਠੇਕੇਦਾਰ ਵੱਲੋਂ ਤੁਰੰਤ ਜਗ੍ਹਾ ਖਾਲੀ ਕਰਨੀ ਪਵੇਗੀ।

4. ਜ਼ਮਾਨਤ ਦੀ ਰਕਮ ਠੇਕੇ ਦੀ ਮਿਆਦ ਪੂਰੀ ਹੋਣ ਤੇ ਬਣਦੀਆ ਦੇਣਦਾਰੀਆਂ ਕੱਟ ਕੇ ਵਾਪਸ ਕੀਤੀ ਜਾਵੇਗੀ।

5. ਠੇਕੇਦਾਰ ਨੂੰ ਦੂਜੇ ਵਿਅਕਤੀ ਦੇ ਨਾਮ ਤੇ ਠੇਕਾ ਸਬਲੈਟ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ ਅਤੇ ਨਾ ਹੀ ਕਿਸੇ ਨੂੰ ਠੇਕੇ ਵਿੱਚ ਹਿੱਸੇਦਾਰ ਬਣਾਏਗਾ।

6. ਬਿਨਾਂ ਕੋਈ ਕਾਰਨ ਦੱਸੇ ਅਥਾਰਟੀ/ਪ੍ਰਿੰਸੀਪਲ ਨੂੰ ਕੋਈ ਵੀ ਬੋਲੀ ਮੰਨਜ਼ੂਰ ਜਾਂ ਨਾਂ ਮੰਨਜ਼ੂਰ ਕਰਨ ਦਾ ਪੂਰਾ ਅਧਿਕਾਰ ਹੈ।

7. ਠੇਕੇਦਾਰ ਕੰਟੀਨ ਵਿੱਚ ਵਿਦਿਆਰਥੀਆਂ ਦੀ ਜਾਣਕਾਰੀ ਲਈ ਰੇਟਾਂ ਦੀ ਸੂਚੀ ਲਗਾ ਕੇ ਰੱਖੇਗਾ ਅਤੇ ਵਿਦਿਆਰਥੀਆਂ ਨਾਲ ਦੁਰ-ਵਿਹਾਰ ਕਰਨ ਜਾਂ ਨਿਯਤ ਰੇਟਾਂ ਨਾਲੋਂ ਵੱਧ ਪੈਸੇ ਵਸੂਲਣ ਤੇ ਠੇਕਾ ਰੱਦ ਕੀਤਾ ਜਾ ਸਕਦਾ ਹੈ।

8. ਕੰਟੀਨ ਵਿੱਚ ਸਰਵ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਰੇਟ ਲਿਸਟ-

ਚਾਹ ਦਾ ਕੱਪ (150ml) 10/- ਰੁਪਏ ਪ੍ਰਤੀ ਕੱਪ

ਕਾਫ਼ੀ(ਹਾਟ) 20/-ਰੁਪਏ ਪ੍ਰਤੀ ਕੱਪ ਅਤੇ ਕਾਫ਼ੀ(ਕੋਲਡ) 20/-ਰੁਪਏ ਪ੍ਰਤੀ ਕੱਪ

ਸਮੋਸਾ 10/- ਰੁਪਏ ਪ੍ਰਤੀ ਪੀਸ

ਬਰੈਡ ਪਕੌੜਾ 15/- ਰੁਪਏ ਪ੍ਰਤੀ ਪੀਸ ਚਟਨੀ ਨਾਲ

ਹਾਟ ਡਾਗ 25/- ਰੁਪਏ ਪ੍ਰਤੀ ਪੀਸ ਚਟਨੀ ਨਾਲ

ਬਰਗਰ 25/- ਰੁਪਏ ਪ੍ਰਤੀ ਪੀਸ

ਨੂਡਲਜ਼ 40/- ਰੁਪਏ ਫੁਲ ਪਲੇਟ, 25/- ਰੁਪਏ ਹਾਫ਼ ਪਲੇਟ

ਵੈਜੀਟੇਬਲ ਸੈਂਡਵਿੱਚ 20/- ਰੁਪਏ (ਡਬਲ ਪੀਸ)

ਗੁਲਾਬ ਜਾਮੁਨ 15/- ਰੁਪਏ ਪ੍ਰਤੀ ਪੀਸ

ਕੋਲਡ ਡ੍ਰਿੰਕ, ਬਿਸਕੁੱਟ (ਪ੍ਰਿਆ ਗੋਲਡ, ਬ੍ਰੀਟੈਨੀਆ, ਕ੍ਰੀਮੀਕਾ, ਪਾਰਲੇ ਜੀ) ਆਦਿ ਪ੍ਰਿੰਟ ਰੇਟ ਤੇ

ਨੈਸਕੈਫੇ ਪ੍ਰੋਡਕਟਸ (ਗਰਮ ਅਤੇ ਠੰਢੇ) ਅਤੇ ਵੇਰਕਾ ਪ੍ਰੋਡਕਟਸ (ਦੁੱਧ, ਮਿੱਠੀ ਲੱਸੀ, ਪਨੀਰ, ਪਿੰਨੀ, ਆਈਸ ਕਰੀਮ) ਆਦਿ ਰੱਖਣੇ ਲਾਜ਼ਮੀ ਹੋਣਗੇ।ਸਮਾਨ ਕਾਲਜ ਵਿੱਚ ਤਾਜ਼ਾ ਤਿਆਰ ਕੀਤਾ ਜਾਵੇ।ਗਰਮ ਅਤੇ ਠੰਡੇ ਵਾਸਤੇ ਮਾਈਕਰੋਵੇਵ ਅਤੇ ਫਰਿਜ਼ ਦੀ ਵਰਤੋਂ ਜ਼ਰੂਰੀ ਹੈ। ਇਸ ਤੋਂ ਇਲਾਵਾ ਕੰਟੀਨ ਠੇਕੇਦਾਰ ਵੱਲੋਂ ਵੇਚੀਆਂ ਜਾਣ ਵਾਲੀਆਂ ਡੱਬਾ ਬੰਦ ਵਸਤੂਆਂ ਪ੍ਰਿੰਟ ਰੇਟ ਤੇ ਹੀ ਵੇਚੇਗਾ। ਇਸ ਤੋਂ ਇਲਾਵਾ ਬਿਨਾਂ ਪ੍ਰਿੰਟ ਰੇਟ ਵਾਲੀਆਂ ਵਸਤੂਆਂ ਦੇ ਰੇਟ ਕੰਟੀਨ ਕਮੇਟੀ ਦੁਆਰਾ ਫਿਕਸ ਕੀਤੇ ਜਾਣਗੇ।

09. ਠੇਕੇਦਾਰ ਬਿਜਲੀ ਅਤੇ ਪਾਣੀ ਦਾ ਬਿੱਲ ਸਬਮੀਟਰ ਤੋਂ ਦੇਣ ਦਾ ਪਾਬੰਦ ਹੋਵੇਗਾ।

10. ਕੰਟੀਨ ਕਮੇਟੀ ਹਫ਼ਤਾਵਾਰ ਖਾਣ ਪੀਣ ਦੀਆਂ ਵਸਤੂਆਂ ਅਤੇ ਸਾਫ਼ ਸਫ਼ਾਈ ਦਾ ਨਿਰੀਖਣ ਕਰੇਗੀ।

11. ਠੇਕੇ ਵਾਲੀ ਥਾਂ ਤੇ ਠੇਕੇਦਾਰ ਵੱਲੋਂ ਕੋਈ ਉਸਾਰੀ/ਵਧੀਕ ਉਸਾਰੀ ਸੋਧ ਨਹੀਂ ਕੀਤੀ ਜਾਵੇਗੀ।

12. ਜਗ੍ਹਾਂ ਦੀ ਸਾਫ਼ ਸਫ਼ਾਈ ਯਕੀਨੀ ਬਣਾਉਣੀ ਹੋਵੇਗੀ।ਕੰਟੀਨ ਠੇਕੇਦਾਰ ਖਾਣ ਪੀਣ ਵਾਲੀਆਂ ਵਸਤੂਆਂ ਬਣਾਉਣ ਵਾਲੇ ਸਥਾਨ ਤੇ ਮੁਕੰਮਲ ਸਫ਼ਾਈ ਦਾ ਪ੍ਰਬੰਧ ਆਪ ਕਰੇਗਾ। ਕੰਟੀਨ ਠੇਕੇਦਾਰ ਖਾਣ-ਪੀਣ ਵਾਲੀਆਂ ਵਸਤੂਆਂ ਲਈ ਵਰਤਿਆ ਜਾਣ ਵਾਲਾ ਮੈਟੀਰੀਅਲ ਚੰਗੀ ਕਵਾਲਟੀ ਦਾ ਇਸਤੇਮਾਲ ਕਰੇਗਾ। ਡੁਪਲੀਕੇਟ ਦੁੱਧ ਜਾਂ ਹੋਰ ਵਸਤੂਆਂ ਵਰਤਣ ਸਬੰਧੀ ਤੁਰੰਤ ਐਸ.ਐਮ.ਓ. ਪਟਿਆਲਾ ਨੂੰ ਲਿਖ ਕੇ ਠੇਕਾ ਤੁਰੰਤ ਰੱਦ ਕੀਤਾ ਜਾ ਸਕਦਾ ਹੈ।

13. ਕਿਸੇ ਕਿਸਮ ਦੇ ਨਸ਼ੇ ਦੀ ਵਰਤੋਂ/ਸੇਵਨ ਦੀ ਸਖ਼ਤ ਮਨਾਹੀ ਹੈ ਜੇਕਰ ਕੰਟੀਨ ਵਿੱਚ ਨਸ਼ੇ ਦੀ ਵਰਤੋਂ ਦਾ ਪਤਾ ਲਗਦਾ ਹੈ ਤਾਂ ਠੇਕਾ ਤੁਰੰਤ ਰੱਦ ਕੀਤਾ ਜਾਵੇਗਾ।ਜਮਾਨਤ ਜ਼ਬਤ ਕੀਤੀ ਜਾਵੇਗੀ ਅਤੇ ਪੁਲਿਸ ਕਾਰਵਾਈ ਕੀਤੀ ਜਾਵੇਗੀ।

14. ਠੇਕੇਦਾਰ ਨੂੰ ਕੰਮ ਕਰਨ ਤੋਂ ਪਹਿਲਾ ਨਿਯਮਾਂ ਅਨੁਸਾਰ ਇਕਰਾਰਨਾਮਾ/ਜ਼ਮਾਨਤਨਾਮਾ ਦੇਣਾ ਪਵੇਗਾ।

15. ਕੰਟੀਨ ਸੰਬਧੀ ਕਰਵਾਈ ਗਈ ਬੋਲੀ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਜੀ ਦੀ ਪ੍ਰਵਾਨਗੀ ਉਪਰੰਤ ਹੀ ਅੰਤਿਮ ਮੰਨੀ ਜਾਵੇਗੀ।

16. ਠੇਕੇਦਾਰਾਂ ਦੁਆਰਾ ਉਪਰੋਕਤ ਸ਼ਰਤਾਂ ਦੀ ਉਲੰਘਣਾ ਕਰਨ ਜਾਂ ਕਿਸੇ ਨਾਲ ਕਿਸੇ ਵੀ ਕਿਸਮ ਦੇ ਦੁਰ-ਵਿਹਾਰ ਕਰਨ ਦੀ ਸੂਰਤ ਵਿੱਚ 10,000/- ਰੁਪਏ ਜੁਰਮਾਨਾ ਅਤੇ ਨਾਲ ਹੀ ਬਾਅਦ ਵਿੱਚ ਠੇਕਾ ਰੱਦ ਵੀ ਕੀਤਾ ਜਾ ਸਕਦਾ ਹੈ ਤੇ ਠੇਕੇ ਦੀ ਰਕਮ ਜ਼ਬਤ ਕਰਕੇ ਠੇਕਾ ਦੁਬਾਰਾ ਨਿਲਾਮ ਕੀਤਾ ਜਾਵੇਗਾ।

17. ਕੰਟੀਨ ਵਿੱਚ ਐਲੂਮੀਨੀਅਮ/ਪਲਾਸਟਿਕ/ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਬਰਤਨ ਨਹੀਂ ਵਰਤੇ ਜਾ ਸਕਦੇ।

18. ਚਾਹਪੱਤੀ ਚੰਗੀ ਕੁਆਲਟੀ ਦੀ ਹੀ ਵਰਤੀ ਜਾਵੇਗੀ।

19. ਜੇਕਰ ਸਰਕਾਰ ਵੱਲੋਂ ਕਿਸੇ ਕਿਸਮ ਦਾ ਟੈਕਸ ਆਦਿ ਲਗਾਇਆ ਜਾਂਦਾ ਹੈ ਜਾਂ ਕੋਈ ਚੀਜ਼ਾ ਦੀ ਕੁਆਲਟੀ ਚੈੱਕ ਕਰਨ ਉਪਰੰਤ ਜੁਰਮਾਨਾ ਆਦਿ ਲਗਾਇਆ ਜਾਦਾਂ ਹੈ ਤਾਂ ਇਸ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

20. ਜਿਸ ਇਸਤਰੀ ਠੇਕੇਦਾਰ ਦੇ ਨਾਂ ਤੇ ਬੋਲੀ ਟੁੱਟੇਗੀ ਉਹ ਹੀ ਕੰਟੀਨ ਚਲਾਵੇਗੀ।

21. ਵਿਦਿਆਰਥੀਆਂ ਤੋਂ ਰੇਟ ਲਿਸਟ ਮੁਤਾਬਿਕ ਚਾਰਜ ਕੀਤਾ ਜਾਵੇ।ਉਲੰਘਣਾ ਕਰਨ ਦੀ ਸੂਰਤ ਵਿੱਚ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਿਸੇ ਕਿਸਮ ਦੀ ਰਾਸ਼ੀ ਵਾਪਸ ਨਹੀਂ ਕੀਤੀ ਜਾਵੇਗੀ।

22. ਸਰਕਾਰ ਵੱਲੋਂ ਕਿਸ਼ੋਰ ਉਮਰ ਦੇ ਵਿਦਿਆਰਥੀਆਂ ਲਈ ਮਨਾਹੀ ਵਾਲੇ ਖਾਣ-ਪੀਣ ਵਾਲੇ ਪਦਾਰਥ ਜਿਵੇਂ ਕਿ ਹਰ ਤਰ੍ਹਾਂ ਦੀਆਂ ਐਨਰਜੀ ਡਰਿੰਕ ਜਿਵੇਂ ਕਿ ਸਟਿੰਗ, ਰੇਡ ਬੁੱਲ ਆਦਿ ਵੇਚਣ ਤੇ ਮਨਾਹੀ ਹੋਵੇਗੀ।

23. ਪੈਕਟ ਬੰਦ ਪਦਾਰਥ ਕੇਵਲ FSSAI (Food Safety Standards Authority of India) ਮਾਪਦੰਡ ਅਧਾਰਿਤ ਹੀ ਵੇਚਣਯੋਗ ਹੋਣਗੇ ਅਤੇ ਐਮ.ਆਰ.ਪੀ. ਤੋਂ ਵੱਧ ਨਹੀਂ ਵੇਚੇ ਜਾ ਸਕਦੇ।

24. ਕੰਟੀਨ ਵਿੱਚ ਕੰਮ ਕਰਨ ਵਾਲੇ ਸਟਾਫ਼ ਦਾ ਪੋਕਸੋ ਕਾਨੂੰਨ (Protection of Children from Sexual offences Act) ਅਤੇ ਲਿੰਗ ਅਧਾਰਿਤ ਸੰਵੇਦਨਾ ਤੋਂ ਜਾਣੂੰ ਹੋਣਾ ਜ਼ਰੂਰੀ ਹੈ।

25. ਕੰਟੀਨ ਵਿੱਚ ਵੇਰਕਾ ਦੇ ਸਾਰੇ ਉਤਪਾਦਨ ਰੱਖਣੇ ਲਾਜ਼ਮੀ ਹਨ ਅਤੇ ਐਮ.ਆਰ.ਪੀ. ਤੇ ਵੇਚੇ ਜਾ ਸਕਦੇ ਹਨ।

26. ਠੇਕੇਦਾਰ ਦੁਆਰਾ ਵਸਤੂਆਂ ਦੀ ਲਿਸਟ ਬੋਰਡ ਦੇ ਉਪੱਰ ਪੱਕੇ ਤੌਰ ਤੇ ਲਿਖ ਕੇ ਲਾਉਣ ਦਾ ਪਾਬੰਦ ਹੋਵੇਗਾ।

27. ਜੇਕਰ ਭਵਿੱਖ ਵਿੱਚ ਕਿਸੇ ਅਜਿਹੀ ਸਥਿਤੀ ਵਿੱਚ ਸਮਾਨ ਬਣਾਉਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਤਾਂ ਪ੍ਰਿੰਸੀਪਲ ਕੋਲ ਇਹ ਅਧਿਕਾਰ ਹੋਵੇਗਾ ਕਿ ਉਹ ਇਨ੍ਹਾਂ ਕੰਟੀਨਾਂ ਵਿੱਚ ਵਿੱਕਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਲੋੜ ਅਨੁਸਾਰ ਵਾਧਾ ਕਰ ਸਕਦੇ ਹਨ।

28. ਠੇਕੇਦਾਰ ਕੰਟੀਨ ਆਪ ਚਲਾਉਣ ਲਈ ਪਾਬੰਦ ਹੋਵੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪ੍ਰਿੰਸੀਪਲ ਕੋਲ ਠੇਕਾ ਰੱਦ ਕਰਨ ਅਤੇ ਠੇਕੇ ਦੀ ਰਕਮ ਅਤੇ ਸਕਿਓਰਟੀ ਦੀ ਰਕਮ ਜ਼ਬਤ ਕਰਨ ਦਾ ਅਧਿਕਾਰ ਹੋਵੇਗਾ।

29. ਸੈਸ਼ਨ ਦੌਰਾਨ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਹਿਤ ਕਾਲਜ ਵਿੱਚ ਵੇਰਕਾ ਮਿਲਕ ਬੂਥ ਖੋਲਿਆ ਜਾ ਸਕਦਾ ਹੈ, ਇਸ ਤੇ ਠੇਕੇਦਾਰ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਮੈਂ ਉਪਰੋਕਤ ਸ਼ਰਤਾਂ ਨਾਲ ਸਹਿਮਤੀ ਪ੍ਰਗਟ ਕਰਦੀ ਹਾਂ।

## ਪ੍ਰਿੰਸੀਪਲ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ।

## ਪ੍ਰੋਫਾਰਮਾ (ਦਰਖਾਸਤ ਬਾਬਤ ਕੰਟੀਨ ਠੇਕੇ ਤੇ ਲੈਣ ਬਾਰੇ)

**ਸੈਸ਼ਨ 2026-27**

1) ਪ੍ਰਾਰਥੀ ਦਾ ਨਾਂ :..............................................................

2) ਪਿਤਾ ਦਾ ਨਾਂ :..............................................................

3) ਪੱਕਾ ਪਤਾ :..............................................................

(ਫੋਨ ਨੰਬਰ ਸਮੇਤ) :..............................................................

:..............................................................

4) ਠੇਕੇ ਤੇ ਲਈ ਜਾਣ ਵਾਲੀ ਕੰਟੀਨ :..............................................................

ਕੰਟੀਨ ਦਾ ਵੇਰਵਾ :..............................................................

5) ਜਨਮ ਮਿਤੀ :..............................................................

6) ਆਧਾਰ ਕਾਰਡ ਨੰ. :..............................................................

7) ਪਹਿਲਾਂ ਕੀਤੇ ਕੰਟੀਨ ਦੇ ਕੰਮ :..............................................................

ਦਾ ਵੇਰਵਾ :..............................................................

8) ਪਹਿਲਾਂ ਜਿੱਥੇ ਵੀ ਕੰਟੀਨ ਦਾ ਕੰਮ ਕੀਤਾ :..............................................................

ਹੈ ਜਾਂ ਕਰਦੇ ਹੋ। ਕੀ ਉਸ ਸੰਸਥਾ ਨਾਲ :..............................................................

ਕੋਈ ਝਗੜਾ/ਫੌਜਦਾਰੀ/ਸਿਵਲ ਕੇਸ ਤਾਂ:..............................................................

ਨਹੀਂ ਚਲਦਾ ਜੇ ਹਾਂ ਤਾਂ ਵੇਰਵਾ ਦਿਓ :..............................................................

9) ਕੀ ਤੁਹਾਡਾ ਕਿਸੇ ਅਜਿਹੇ ਵਿਅਕਤੀ :..............................................................

ਜਿਸਦਾ ਕੰਟੀਨ ਦਾ ਠੇਕਾ ਇਸ ਸੰਸਥਾ:..............................................................

ਦੁਆਰਾ ਕੈਂਸਲ ਕੀਤਾ ਗਿਆ ਹੋਵੇ, ਨਾਲ:..............................................................

ਕੋਈ ਰਿਸ਼ਤੇਦਾਰੀ/ਕੋਈ ਹੋਰ ਸਬੰਧ ਤਾਂ:..............................................................

ਨਹੀਂ। ਜੇਕਰ ਹੈ ਤਾਂ ਵੇਰਵਾ ਦਿਓ। :..............................................................

1) ਜਾਣਕਾਰ ਅਤੇ ਜਿੰਮੇਵਾਰ ਵਿਅਕਤੀਆਂ: 1) ਹਸਤਾਖਰ.................. 2) ਹਸਤਾਖਰ..................

ਦਾ ਹਵਾਲਾ ਜਾ ਨਾਂ, ਹਸਤਾਖਰ ਅਤੇ : 1) ਹਸਤਾਖਰ.................. 2) ਹਸਤਾਖਰ..................

ਪੂਰਾ ਪਤਾ (ਨੇੜਲੇ ਰਿਸ਼ਤੇਦਾਰ ਨਹੀਂ : 1) ਪੂਰਾ ਪਤਾ.................. 2) ਪੂਰਾ ਪਤਾ..................

ਹੋਣੇ ਚਾਹੀਦੇ) .................................... ....................................

: 1) ਆਧਾਰ ਨੰਬਰ............. 2) ਆਧਾਰ ਨੰਬਰ..............

ਨਾਲ ਨੱਥੀ ਕੀਤੇ ਜਾਣ: 1) ਆਧਾਰ ਕਾਰਡ ਦੀ ਕਾਪੀ

2) ਤਜਰਬਾ/ਐਨ.ਓ.ਸੀ. ਸਰਟੀਫਿਕੇਟ ਦੀ ਕਾਪੀ

ਮਿਤੀ.................................. ਬਿਨੇਕਾਰ ਦੇ ਹਸਤਾਖਰ

ਦਫਤਰ ਵਰਤੋਂ ਲਈ:

1) ਪਾਸ ਕੀਤਾ ਜਾਂਦਾ ਹੈ/ਰੱਦ ਕੀਤਾ ਜਾਂਦੀ ਹੈ

:.........................................................................

2) ਕਿਸ ਆਧਾਰ ਤੇ ਰੱਦ ਕੀਤਾ ਗਿਆ

:.........................................................................

ਕੰਟੀਨ ਕਮੇਟੀ:

1)...................... 2)........................3)...........................4)............................

ਪ੍ਰਿੰਸੀਪਲ